COUNCIL VICE PRESIDENT
**NELSON ESPARZA,** DISTRICT 7

**TYLER MAXWELL**
FRESNO CITY COUNCIL

# ਫਰਿਜ਼ਨੋ ਸ਼ਹਿਰ
# ਬੇਦਖ਼ਲੀ ਸੁਰੱਖਿਆ ਪ੍ਰੋਗਰਾਮ

## ਈ ਪੀ ਪੀ ਕੀ ਹੈ?

ਬੇਦਖ਼ਲੀ ਸੁਰੱਖਿਆ ਪ੍ਰੋਗਰਾਮ (ਈ ਪੀ ਪੀ) ਅਪਾਰਟਮੈਂਟਾਂ ਜਾਂ ਘਰਾਂ ਵਿੱਚ ਕਿਰਾਏ 'ਤੇ ਰਹਿਣ ਵਾਲੇ ਕਿਰਾਏਦਾਰਾਂ ਨੂੰ ਗੈਰ-ਕਾਨੂੰਨੀ ਬੇਦਖ਼ਲੀ ਤੋਂ ਬਚਾਉਂਦਾ ਹੈ। ਜੇ ਸ਼ਹਿਰ ਇਹ ਨਿਰਧਾਰਤ ਕਰਦਾ ਹੈ ਕਿ ਤੁਸੀਂ ਸੰਭਾਵਿਤ ਤੌਰ 'ਤੇ ਅਜਿਹੀ ਗੈਰ-ਕਾਨੂੰਨੀ ਬੇਦਖ਼ਲੀ ਦਾ ਸਾਹਮਣਾ ਕਰ ਰਹੇ ਹੋ, ਤਾਂ ਤੁਸੀਂ ਨਿਆਇਕ ਪ੍ਰਕਿਰਿਆ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਸ਼ਹਿਰ ਵੱਲੋਂ ਪ੍ਰਯੋਜਤ ਵਕੀਲ ਜਾਂ ਕਾਨੂੰਨੀ ਸੇਵਾਵਾਂ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ।

## ਈ ਪੀ ਪੀ ਸੇਵਾਵਾਂ ਲਈ ਯੋਗਤਾ ਕੌਣ ਪੂਰੀ ਕਰਦਾ ਹੈ?

ਇਹ ਪ੍ਰੋਗਰਾਮ ਫਰਿਜ਼ਨੋ ਸ਼ਹਿਰ ਵਿੱਚ ਕਿਰਾਏ 'ਤੇ ਰਹਿਣ ਵਾਲੇ ਰਿਹਾਇਸ਼ੀ ਕਿਰਾਏਦਾਰਾਂ ਲਈ ਹੈ।

## ਈ ਪੀ ਪੀ ਕਿਵੇਂ ਮਦਦ ਕਰ ਸਕਦਾ ਹੈ?

ਇੱਕ ਵਾਰ ਜਦ ਤੁਹਾਡੇ ਕੇਸ ਦੀ ਸਮੀਖਿਆ ਕੀਤੀ ਜਾਂਦੀ ਹੈ, ਤਾਂ ਸ਼ਹਿਰ ਦਾ ਅਟਾਰਨੀ ਦਫਤਰ ਇਹ ਨਿਰਣਾ ਕਰੇਗਾ ਕਿ ਕੀ ਤੁਹਾਨੂੰ ਵਕੀਲ ਦੀ ਜਾਂ ਕਾਨੂੰਨੀ ਵਿਚੋਲਗੀ ਸੇਵਾਵਾਂ ਦੀ ਲੋੜ ਹੈ।

### ਵਕਾਲਤ ਸੇਵਾ

ਬਿਨਾਂ ਕਿਸੇ ਕੀਮਤ ਦੇ ਤੁਹਾਡੇ ਬੇਦਖ਼ਲੀ ਕੇਸ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਇੱਕ ਅਟਾਰਨੀ

### ਕਾਨੂੰਨੀ ਵਿਚੋਲਗੀ ਸੇਵਾ

ਦੋਵਾਂ ਧਿਰਾਂ ਵਾਸਤੇ ਸਭ ਤੋਂ ਵਧੀਆ ਹੱਲ ਲੱਭਣ ਲਈ ਤੁਹਾਡੇ ਅਤੇ ਤੁਹਾਡੇ ਮਕਾਨ ਮਾਲਕ ਵਿਚਕਾਰ ਮੁਫ਼ਤ ਅਤੇ ਨਿਰਪੱਖ ਵਿਚੋਲਗੀ

## ਪ੍ਰਕਿਰਿਆ ਕੀ ਹੈ?

**ਕਦਮ 1**
ਇੱਕ ਇਨਟੇਕ ਫਾਰਮ ਪੂਰਾ ਕਰੋ ਅਤੇ www.fresno.gov 'ਤੇ ਜਾਂ ਵਿਅਕਤੀਗਤ ਤੌਰ 'ਤੇ ਸਿਟੀ ਹਾਲ ਵਿਖੇ ਸਪੁਰਦ ਕਰੋ, ਤੀਜੀ ਮੰਜ਼ਿਲ ਤੇ ਕਮਰੇ 3065 ਵਿੱਚ

**ਕਦਮ 2**
ਸਿਟੀ ਅਟਾਰਨੀ ਦੇ ਦਫਤਰ ਦਾ ਇੱਕ ਪ੍ਰਤਿਨਿਧੀ ਹੋਰ ਕੇਸ ਜਾਣਕਾਰੀ ਇਕੱਤਰ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ

**ਕਦਮ 3**
ਸਿਟੀ ਅਟਾਰਨੀ ਦਾ ਦਫਤਰ ਯੋਗਤਾ ਵਾਸਤੇ ਕੇਸ ਦੀ ਸਮੀਖਿਆ ਕਰੇਗਾ

ਜੇ ਕੇਸ ਯੋਗਤਾ ਪੂਰੀ ਕਰਦਾ ਹੈ

ਨਿਰਧਾਰਤ ਅਟਾਰਨੀ ਜਾਂ ਕਾਨੂੰਨੀ ਸਹਾਇਕ ਪ੍ਰਤਿਨਿਧਤਾ/ਸਹਾਇਤਾ ਸ਼ੁਰੂ ਕਰਨ ਲਈ ਤੁਹਾਡੇ ਨਾਲ ਸੰਪਰਕ ਕਰੇਗਾ

ਜੇ ਕੇਸ ਯੋਗਤਾ ਪੂਰੀ ਨਹੀਂ ਕਰਦਾ ਹੈ

ਤੁਹਾਨੂੰ ਫਰਿਜ਼ਨੋ ਸ਼ਹਿਰ ਤੋਂ ਪੱਤਰ ਮਿਲੇਗਾ ਜਿਸ ਵਿੱਚ ਕਿਹਾ ਜਾਵੇਗਾ ਕਿ ਤੁਹਾਡਾ ਕੇਸ ਯੋਗ ਨਹੀਂ ਹੈ

ਸਵਾਲ?
ਫਰਿਜ਼ਨੋ ਸ਼ਹਿਰ
ਸਿਟੀ ਅਟਾਰਨੀ ਦਾ ਆਫਿਸ
559-621-8400